੧ਓ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖ਼ਤ ਸਾਹਿਬ

## ਸ੍ਰੀ ਅੰਮ੍ਰਿਤਸਰ ਸਾਹਿਬ

## Sri Akal Takhat Sahib, Sri Amritsar Sahib

ਨੰਬਰ............ ਸੰਦੇਸ਼ ਮਿਤੀ 22/03/2020

ਅੱਜ ਸਮੁੱਚੇ ਵਿਸ਼ਵ ਵਿਚ ਮਾਨਵ ਜਾਤੀ ਕੋਰੋਨਾ ਵਾਇਰਸ ਕਾਰਣ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।ਇਹ ਵਾਇਰਸ ਕੁਦਰਤੀ ਫੈਲਿਆ ਜਾਂ ਗ਼ੈਰ ਕੁਦਰਤੀ ਪਰ ਇਸਨੇ ਕਈ ਮੁਲਕਾਂ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਪਹੁੰਚਾ ਦਿੱਤਾ ਹੈ।ਇਸ ਵਾਇਰਸ ਕਾਰਣ ਦੁਨੀਆਂ ਪੂਰੀ ਤਰ੍ਹਾਂ ਭੈਭੀਤ ਹੈ,ਸਿੱਖ ਆਪਣੇ ਫ਼ਲਸਫ਼ੇ ਨੂੰ ਪ੍ਰਵਾਨਦਿਆਂ ਸਰਬੱਤ ਦੇ ਭਲੇ ਦੀ ਕਾਮਨਾ ਕਰਦਾ ਹੈ।ਇਸ ਲਈ ਮਾਨਵਤਾ ਦੀ ਇਸ ਖ਼ਤਰੇ ਵਿਚ ਮਦੱਦ ਕਰਨੀ ਸਿੱਖ ਕੌਮ ਦਾ ਜ਼ਰੂਰੀ ਫਰਜ਼ ਹੈ।ਇਸ ਕਰਕੇ ਹੇਠ ਲਿਖੇ ਆਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ:-

1.'ਗੁਰੂ ਦੀ ਗੋਲਕ ਗ਼ਰੀਬ ਦਾ ਮੂੰਹ' ਅਨੁਸਾਰ ਵਿਸ਼ਵ ਭਰ ਦੀਆਂ ਸਮੂੰਹ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਪਣੇ ਆਪਣੇ ਖਿੱਤਿਆਂ ਵਿਚ ਜ਼ਰੂਰਤਮੰਦਾਂ ਦੀ ਹਰ ਤਰ੍ਹਾਂ ਦੀ ਮਦੱਦ (ਲੰਗਰ,ਦਵਾਈਆਂ,ਜ਼ਰੂਰੀ ਸਮਾਨ ਆਦਿ) ਕਰਨ ਲਈ ਅੱਗੇ ਆਉਣ,ਖ਼ਾਸ ਕਰ ਵਿਦੇਸ਼ਾਂ ਵਿਚ ਪੜ੍ਹਨ ਗਏ ਵਿਦਿਆਰਥੀਆਂ ਦੀ ਸਹਾਇਤਾ ਲਈ ਗੁਰੂ ਘਰਾਂ ਦੇ ਖਜ਼ਾਨਿਆਂ ਦੀ ਵਰਤੋਂ ਖੁਲ੍ਹਦਿਲੀ ਨਾਲ ਕੀਤੀ ਜਾਵੇ।

2.ਗੁਰੂ ਘਰ ਦੀਆਂ ਸਰਾਵਾਂ ਨੂੰ ਲੋੜ ਪੈਣ ਤੇ ਵਾਇਰਸ ਪੀੜਿਤਾਂ ਨੂੰ ਅਲਾਹਿਦਗੀ (quarantine) ਲਈ ਤਿਆਰ ਰੱਖਿਆ ਜਾਵੇ।

3.ਆਪਣੇ ਆਪਣੇ ਮੁਲਕ ਦੀਆਂ ਸਰਕਾਰਾਂ ਅਤੇ ਸਿਹਤ ਵਿਭਾਗਾਂ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ ਅਤੇ ਗੁਰੂ ਘਰਾਂ ਵਿੱਚ ਨਿਤਾ-ਪ੍ਰਤੀ ਮਰਿਯਾਦਾ ਤੋਂ ਬਿਨਾਂ ਫ਼ਿਲਹਾਲ ਵੱਡੇ ਧਾਰਮਿਕ ਸਮਾਗਮ ਦੋ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੇ ਜਾਣ।

4.ਹਰ ਸਿੱਖ ਪਰਿਵਾਰ ਆਪਣੇ ਘਰ ਵਿਚ ਰਹੇ,ਗੁਰਬਾਣੀ ਦਾ ਪਾਠ ਕਰੇ,ਅਕਾਲ ਪੁਰਖ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਕਰੇ ਅਤੇ ਸਵੈ-ਅਲਾਹਿਦਗੀ (self quarantine) ਧਾਰਣ ਕਰੇ।

5.ਸਿੱਖ ਧਰਮ ਵਿਚ ਵਹਿਮ ਭਰਮ ਲਈ ਕੋਈ ਥਾਂ ਨਹੀ ਇਸ ਲਈ ਸਿੱਖ,ਵਹਿਮ ਭਰਮ ਤੋਂ ਰਹਿਤ ਰਹਿੰਦਿਆਂ ਅਫਵਾਹਾਂ ਤੋਂ ਬਚੇ,ਹਰ ਹਾਲ ਅਕਾਲ ਪੁਰਖ ਵਾਹਿਗੁਰੂ ਤੇ ਭਰੋਸਾ ਰੱਖੇ।

ਗੁਰੂ ਪੰਥ ਦਾ ਦਾਸ,

ਹਰਪ੍ਰੀਤ ਸਿੰਘ,
ਕਾ.ਜਥੇ.ਸ੍ਰੀ ਅਕਾਲ ਤਖ਼ਤ ਸਾਹਿਬ,
ਜਥੇ.ਤਖ਼ਤ ਸ੍ਰੀ ਦਮਦਮਾ ਸਾਹਿਬ।

Phone/Fax : 0183-2540820 | E-Mail : akaltakhatsahib84@gmail.com